INTERNATIONAL RESEARCH JOURNAL OF HUMANITIES AND INTERDISCIPLINARY STUDIES
( Peer-reviewed, Refereed, Indexed & Open Access Journal )
DOI : 03.2021-11278686 ISSN : 2582-8568 IMPACT FACTOR : 6.865 (SJIF 2023)

# ਲੋਕ ਸਾਹਿਤ ਤੇ ਸਭਿਆਚਾਰਕ ਮੁੱਲ

# (Folk Literature and Cultural Values)

**Daya Ram**

Research Scholar,
Aligarh Muslim University,
Aligarh (Uttar Pradesh, India)

**DOI No.** 03.2021-11278686 **DOI Link ::** https://doi-ds.org/doilink/11.2023-73755114/IRJHIS2311014

ਸਾਹਿਤ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੁੰਦਾ ਹੈ। ਇਸ ਦੇ ਅੰਤਰਗਤ ਉਹ ਸਭ ਸਾਰਥਕ ਕਲਾਤਮਕ ਅਭਿਵਿਅਕਤੀਆਂ ਸ਼ਾਮਲ ਹਨ, ਜੋ ਮਨੁੱਖਨੂੰ ਸੁਹਜ-ਸਵਾਦ ਦੇਂਦੀਆਂ ਤੇ ਜੀਵਨ ਅਗਵਾਈ ਕਰਦੀਆਂ ਹਨ। ਲੋਕਧਾਰਾਈ ਵਰਤਾਰਿਆਂ ਵਿਚੋਂ ਲੋਕ-ਸਾਹਿਤ ਸਭ ਤੋਂ ਵੱਧ ਮਹੱਤਾ ਰੱਖਣ ਵਾਲਾ ਵਰਤਾਰਾ ਹੈ। ਲੋਕ-ਸਾਹਿਤ ਲੋਕ-ਮਨਾਂ ਦੀ ਕਲਾਤਮਿਕ ਅਭਿਵਿਅਕਤੀ ਦਾ ਨਾਮ ਹੈ। ਜਦੋਂ ਤੋਂ ਲੋਕ ਦਾ ਜਨਮ ਹੋਇਆ ਹੈ, ਜਿੱਥੇ ਜਿੱਥੇ ਲੋਕ-ਦਿਲਾਂ ਦੀ ਧੜਕਣ ਸੁਣਾਈ ਦਿੰਦੀ ਹੈ, ਉਥੇ ਉਥੇ ਲੋਕ-ਸਾਹਿਤ ਦੀ ਸੁਗੰਧੀ ਖਿਲਰੀ ਮਿਲ ਜਾਂਦੀ ਹੈ। ਭਾਵੇਂ ਉਨ੍ਹਾਂ ਨੇ ਲਿਖਤ ਦਾ ਜਾਮਾ ਪਹਿਨਿਆ ਹੋਵੇ ਤੇ ਭਾਵੇਂ ਨਾ। ਲੋਕ-ਸਾਹਿਤ ਦੇ ਸਿਰਜਣ ਦਾ ਅਮਲ ਮਨੁੱਖੀ ਚੇਤਨਾ ਦੇ ਮੁੱਢਲੇ ਪੜਾਅ ਤੋਂ ਹੀ ਆਰੰਭ ਹੋ ਗਿਆ ਸੀ। ਜਦੋਂ ਆਦਿ ਮਨੁੱਖਪ੍ਰਕਿਰਤੀ ਦੇ ਮਾਰੂ ਪ੍ਰਭਾਵ ਤੋਂ ਬਚਣ ਲਈ ਟੂਣੇ, ਟਟਕ, ਜੰਤਰ, ਮੰਤਰ, ਧਾਗੇ ਤਵੀਜ਼ ਆਦਿ ਯੋਗ ਕਰਦਾ ਸੀ ਤਾਂ ਇਹ ਲੋਕ-ਸਾਹਿਤ ਦੀ ਹੀ ਵੰਨਗੀ ਹੁੰਦੀ ਸੀ। ਜਦੋਂ ਉਹ ਕਿਰਤੀ ਦੇ ਉਸਾਰੂ ਪ੍ਰਭਾਵ ਨੂੰ ਪ੍ਰਸੰਨ ਕਰਨ ਲਈ ਭੇਂਟਾ, ਸ਼ਬਦ, ਕੀਰਤਨ, ਆਰਤੀ ਜਾਂ ਅਰਦਾਸ ਵਰਗੀ ਕੋਈ ਚੀਜ਼ ਯੋਗ ਕਰਦਾ ਹੋਵੇਗਾ ਤਦ ਵੀ ਉਹ ਲੋਕ-ਸਾਹਿਤ ਦੀ ਹੀ ਸਿਰਜਣਾ ਕਰ ਰਿਹਾ ਹੁੰਦਾ ਸੀ।ਸਾਹਿਤ ਦੇ ਦੋ ਰੂਪ ਹਨ-ਇਕ ਲਿਖਤ ਸਾਹਿਤ ਜਿਸ ਨੂੰ ਕਲਾ-ਸਾਹਿਤ ਆਖਦੇ ਹਨ ਅਤੇ ਦੂਸਰਾ ਹੈ ਮੌਖਿਕ ਸਾਹਿਤ ਜਿਸ ਦਾ ਸੰਚਾਰ ਬੋਲੀ ਰਾਹੀਂ ਹੋਇਆ ਹੋਵੇ ਅਤੇ ਜੋ ਪੁਸ਼ਤ-ਦਰ-ਪੁਸ਼ਤ ਸਮੁੱਚੀ ਜਾਤੀ ਦਾ ਸਾਂਝਾ ਹੋਣ ਕਰਕੇ ਲੋਕ-ਸਾਹਿਤ ਅਖਵਾਉਂਦਾ ਹੈ। ਇਸ ਨਾਲ ਕਿਸੇ ਵਿਸ਼ੇਸ਼ ਵਿਅਕਤੀ ਦਾ ਨਾਂ ਨਹੀਂ ਜੁੜਿਆ ਹੁੰਦਾ। ਲੋਕ ਸਾਹਿਤ ਮਨ ਤੇ ਭਾਰ ਪਾਇਆਂ ਨਹੀਂ ਸਿਰਜਿਆ ਜਾ ਸਕਦਾ, ਸਗੋਂ ਅਚੇਤ ਸਹਿਜ ਸੁਭਾ ਹੀ ਇਸ ਦੀ ਸਿਰਜਨਾ ਹੁੰਦੀ ਹੈ। ਲੋਕ ਸਾਹਿਤ ਸਮੇਂ ਨਾਲ ਬੱਝਾ ਹੋਇਆ ਨਹੀਂ, ਸਗੋਂ ਨਿਰੰਤਰ ਚਲਦਾ ਰਹਿੰਦਾ ਹੈ। ਇਸ ਦੀ ਮੂਲ ਰਚਨਾ ਭਾਵੇਂ ਕਿਸੇ ਵਿਅਕਤੀ ਨੇ ਕੀਤੀ ਹੁੰਦੀ ਹੈ ਪਰ ਇਹ ਰਚਨਾਂ ਮੂੰਹੋਂ-ਮੂੰਹ ਤੁਰਦੀ ਰੂਪ ਵਟਾਂਦੀ ਰਹਿੰਦੀ ਹੈ। ਇਹ ਮਾਂਜਿਆ ਸਵਾਰਿਆ ਜਾਂਦਾ ਹੈ ਅਤੇ ਫਿਰ ਸਮੁੱਚੀ ਜਾਤੀ ਦੀ ਕਿਰਤ ਬਣ ਜਾਂਦੀ ਹੈ। ਇਸ ਵਿਚ ਸਮੁੱਚੀ ਜਾਤੀ ਦਾ ਅਨੁਭਵ ਹੁੰਦਾ ਹੈ। ਇਹ ਸਾਮੂਹਿਕ ਕਲਾਤਮਕ ਭਾਸ਼ਾਈ ਪ੍ਰਗਟਾ ਦਾ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਲੋਕ ਆਪਣੇ ਭੂਗੋਲਿਕ ਅਤੇ ਪ੍ਰਾਕਿਰਤਿਕ ਆਲੇ ਦੁਆਲੇ ਦੇ ਅਨੁਸਾਰ ਇਤਿਹਾਸਕ ਸਾਰ ਵਿਚੋਂ ਪ੍ਰਾਪਤ ਅਨੁਭਵ ਅਤੇ ਅਮਲ ਨੂੰ ਲੋੜਾਂ, ਅਕਾਂਖਿਆਵਾਂ ਅਤੇ ਹੁੰਗਾਰਿਆਂ ਦੇ ਰੂਪ ਵਿਚ ਮੌਖਿਕ ਸਿਰਜਣਾਤਮਕ ਢੰਗ ਰਾਹੀਂ ਪ੍ਰਸਾਰਿਤ ਕਰਦੇ ਹਨ।

ਲੋਕ ਸਾਹਿਤ ਇਕ ਅਜਿਹੇ ਪ੍ਰਵਾਹ ਵਾਂਗ ਹੈ ਜਿਸ ਵਿਚ ਇਲਾਕੇ ਦੇ ਸਭੋ ਨਦੀਆਂ ਨਾਲੇ, ਕੱਸੀਆਂ, ਵੇਹੜੇ ਆਪਣੀ ਨਿੱਜੀ ਹੋਂਦ ਗੰਵਾ ਕੇ ਰਚ ਮਿਚ ਜਾਂਦੇ ਹਨ ਤੇ ਜਿਸ ਵਿਚ ਉਸ ਇਲਾਕੇ ਦੀ ਭੋਇੰ ਦੀ ਮਿੱਟੀ ਤੇ ਹੋਰ ਸਾਮਗ੍ਰੀ ਕਿਸੇ ਨਾ ਕਿਸੇ ਰੂਪ ਵਿਚ ਖੁਰੀ, ਘੁਲੀ ਤੇ ਰਸੀ ਹੁੰਦੀ ਹੈ। ਲੋਕ ਸਾਹਿਤ ਵਿਚ ਸਮੁੱਚੀ ਜਾਤੀ ਦੇ ਉਦਗਾਰ, ਭਾਵਨਾਵਾਂ, ਜੀਵਨ ਆਦਰਸ਼, ਮਨੌਤਾਂ, ਵਿਸ਼ਵਾਸ, ਵਿਚਾਰ ਤੇ ਰੁਚੀਆਂ ਖੁਰ ਕੇ ਸਮਾਈਆਂ ਹੁੰਦੀਆਂ ਹਨ। ਲੋਕ ਸਾਹਿਤ ਤਾਂ ਉਸ ਸ਼ੀਸ਼ੇ ਵਾਂਗ ਹੈ ਜਿਸ ਵਿਚੋਂ ਕਿਸੇ ਜਾਤੀ ਦੀ ਸਮੁੱਚੀ ਜੀਵਨ ਨੁਹਾਰ, ਨਕਸ਼ ਤੇ ਰੂਪ ਉਸ ਦੇ ਅੰਤਰ ਘਟ ਤੱਕ ਦੀ ਹਰ ਭਾਵਨਾ ਵੇਖੀ ਜਾ ਸਕਦੀ ਹੈ।ਇਸ ਲਈ ਵਿਦਵਾਨ ਆਖਦੇ ਹਨ ਕਿ ਲੋਕ-ਸਾਹਿਤ ਦਾ ਆਰੰਭ ਜਾਂ ਅੰਤ ਨਿਸਚਿਤ ਕਰਨਾ ਸੰਭਵ ਨਹੀਂ ਹੈ ਤੇ ਨਾ ਹੀ ਲੋਕ-ਸਾਹਿਤ ਕਿਸੇ ਵਿਅਕਤੀ ਵਿਸ਼ੇਸ਼, ਜਾਂ ਧਰਤੀ ਦੇ ਕਿਸੇ ਨਿਸਚਿਤ ਭੂਗੋਲਿਤ ਖਿੱਤੇ ਤਕ ਸੀਮਿਤ ਕੀਤਾ ਜਾ ਸਕਦਾ ਹੈ। ਲੋਕ-ਸਾਹਿਤ ਕਿਸੇ ਘਟਨਾ ਜਾਂ ਕਾਰਜ ਦਾ ਤੁਰੰਤ ਪੈਦਾ ਹੋਇਆ ਕਰਮ ਜਾਂ ਪ੍ਰਤਿਕਰਮ ਨਹੀਂ ਹੁੰਦਾ ਸਗੋਂ ਲੋਕ-ਸਾਹਿਤ ਦੀ ਰਚਨਾ ਤੇ ਇਸ ਦੀ ਪ੍ਰਵਾਨਗੀ ਲਈ ਮਾਨਵੀ ਜੀਵਨ ਦੀ ਪਰੰਪਰਾ ਦਾ ਲੰਬਾ ਇਤਿਹਾਸ ਕਾਰਜਸ਼ੀਲ ਹੁੰਦਾ ਹੈ। ਸਾਹਿਤ ਮਨੁੱਖਦੇ ਵਿਚਾਰਾਂ ਤੇ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੁੰਦਾ ਹੈ। ਸਾਹਿਤ ਬਾਰੇ ਅਕਸਰ ਇਹ ਵੀ ਧਾਰਨਾ ਬਣੀ ਹੈ ਕਿ ਸਾਹਿਤ ਮਨੁੱਖਦਾ ਸਭ ਤੋਂ ਵੱਧ ਸਮਾਜਕ ਅਤੇ ਸਮਾਜ ਦਾ ਸਭ ਤੋਂ ਵੱਧ ਵਿਅਕਤੀਪਰਕ ਕਾਰਜ ਹੁੰਦਾ ਹੈ। ਕਲਾ ਦੀ ਉਤਪਤੀ ਨਿਰੋਲ ਵਿਅਕਤੀਗਤ ਪਹੁੰਚ ਉੱਤੇ ਨਿਰਭਰ ਕਰਦੀ ਹੈ ਪਰ ਇਸ ਦੀ ਹੋਂਦ ਕਦੇ ਵੀ ਸਮਾਜ ਨਿਰਪੇਖ ਨਹੀਂ ਹੋ ਸਕਦੀ। ਰਚਨਾ ਅਤੇ ਰਚਨਾਕਾਰ ਦਾ ਆਪਸੀ ਸੰਬੰਧ ਉਤਨਾ ਹੀ ਮਹੱਤਵਪੂਰਨ ਹੁੰਦਾ ਹੈ, ਜਿਤਨਾ ਰਚਨਾ ਅਤੇ ਸਮਾਜ ਦਾ ਸੰਬੰਧ ਮਹੱਤਵ ਰੱਖਦਾ ਹੈ। ਲੋਕ-ਸਾਹਿਤ ਦੀ ਸਥਿਤੀ ਕਿਸੇ ਹੱਦ ਤਕ ਵੱਖਰੀ ਹੁੰਦੀ ਹੈ। ਅਸਲ ਵਿਚ ਲੋਕ ਸਾਹਿਤ ਸਾਮੂਹਿਕ ਚਰਿੱਤਰ ਦਾ ਧਾਰਣੀ ਹੁੰਦਾ ਹੈ। ਲੋਕ ਆਪਣੀ ਕਿਰਤ ਤੇ ਅਮਲ ਰਾਹੀਂ ਅਤੇ ਇਸ ਦੇ ਸਮਾਨਾਂਤਰ ਸਮੁੱਚੇ ਜੀਵਨ ਵਿਵਹਾਰ ਦੇ ਵਿਭਿੰਨ ਪ੍ਰਸੰਗਾਂ ਰਾਹੀਂ ਸਭਿਆਚਾਰਕ ਸੰਗਠਨ ਉਸਾਰਦੇ ਹਨ। ਇਸੇ ਉਸਾਰੀ ਦੇ ਅਮਲ ਵਿਚੋਂ ਹੀ ਹੋਰ ਵਿਭਿੰਨ ਲੋਕ ਕਲਾਵਾਂ ਵਾਂਗ ਲੋਕ ਸਾਹਿਤ ਦੀ ਸਿਰਜਨਾ ਹੁੰਦੀ ਹੈ। ਇਸ ਵਿਚ ਜੀਵਨ ਅਨੁਭਵ ਦੀ ਸੋਚ ਬਿਨਾ ਬਨਾਵਟ ਦੇ ਪ੍ਰਸਤੁਤ ਕੀਤੀ ਜਾਂਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਲੋਕ ਸਾਹਿਤ ਸਭਿਆਚਾਰਕ ਅਨੁਭਵ ਦਾ ਜੀਵੰਤ ਮਾਨਵੀ ਹੁੰਗਾਰਾ ਹੈ। ਇਸ ਵਿਚ ਮਨੁੱਖਆਪਣੀ ਅਸਤਿਤਵਿਕ ਅਤੇ ਸਭਿਆਚਾਰਕ ਬਣਤਰ ਦੀ ਜੁੜਵੀਂ ਹੋਂਦ ਨੂੰ ਮੂਲ ਮਾਨਵੀ ਆਧਾਰਾਂ ਉਤੇ ਬਰਕਰਾਰ ਰੱਖਣ ਦੇ ਅਮਲ ਦੀ ਅਕਾਂਖਿਆ ਰਾਹੀਂ ਪ੍ਰਗਟਾਉਂਦਾ ਹੈ। ਇਸ ਵਿਚ ਸਾਮੂਹਿਕ ਮਾਨਵੀਂ ਪ੍ਰਸੰਗਾਂ ਅਤੇ ਨਿੱਜੀ ਅਸਤਿਤਵਿਕ ਸਰੋਕਾਰਾਂ ਨੂੰ ਵਿਸ਼ਾਲ ਸਭਿਆਚਾਰਕ ਪ੍ਰਸੰਗ ਵਿਚ ਉਚਾਰਿਆ ਅਤੇ ਸਵੀਕਾਰਿਆ ਜਾਂਦਾ ਹੈ। ਲੋਕ ਸਾਹਿਤ ਸਦੀਵੀ ਸਾਹਿਤ ਹੈ। ਇਹ ਅਮੁੱਕ ਪ੍ਰਵਾਹ ਪਰੰਪਰਾ ਤੋਂ ਪੈਂਡੇ ਮਾਰਦਾ ਨਵਾਂ ਨਰੋਆ ਉਸੇ ਚਾਲੇ ਅੱਗੇ ਤੁਰਦਾ ਹੈ। ਜਨਮ, ਮੰਗਣ, ਵਿਆਹ ਦੇ ਗੀਤ ਸਹਿਜ ਸੁਭਾ ਰਚੇ ਜਾਂਦੇ ਹਨ। ਮਰਨ ਤੇ ਸਹਿਜ ਸੁਭਾ ਵੈਣ ਪਾਏ ਜਾਂਦੇ ਹਨ। ਕਿੱਕਲੀ ਖੇਡਦੀਆਂ ਕੁੜੀਆਂ ਲੋਕ ਗੀਤਾਂ ਦੀ ਸਿਰਜਨਾ ਕਰਦੀਆਂ ਰਹਿੰਦੀਆਂ ਹਨ। ਹੱਲ ਚਲਾਉਂਦਾਕਿਸਾਨ ਸਹਿਜ ਸੁਭਾ ਇਨ੍ਹਾਂ ਦੀ ਸਿਰਜਨਾ ਕਰਦਾ ਰਹਿੰਦਾ ਹੈ। ਦਾਦੇ ਦਾਦੀਆਂ ਆਪਣੇ ਧੀਆਂ ਪੁੱਤਰਾਂ, ਪੋਤਿਆਂ ਪੋਤੀਆਂ ਨੂੰ ਪਰੀ ਕਹਾਣੀਆਂ ਸੁਣਾ ਕੇ ਰੁਮਾਂਚਿਕ ਦੁਨੀਆਂ ਵਿਚ ਘੁਮਾਉਂਦੇਰਹਿੰਦੇ ਹਨ। ਦੇਵਿੰਦਰ ਸਤਿਆਰਥੀ ਅਨੁਸਾਰ,

> ਲੋਕ ਸਾਹਿਤ ਮਨੁੱਖਦੇ ਹਮੇਸ਼ਾ ਜਿਉਂਦੇਰਹਿਣ ਦੀ ਚੇਤਨਤਾ ਦਾ ਜੀਉਂਦਾਜਾਗਦਾ ਸਬੂਤ ਹੈ। ਲੋਕ ਸਾਹਿਤ ਰਾਹੀਂ ਲੋਕ ਸੰਸਕ੍ਰਿਤੀ ਦਾ ਸੱਚਾ ਤੇ ਸੰਜੀਵ ਚਿਤ੍ਰ ਅਭਿਵਿਅਕਤ ਹੁੰਦਾ ਹੈ।1

ਵਣਜਾਰਾ ਬੇਦੀ ਅਨੁਸਾਰ,

> 'ਮੌਖਿਕ ਸਾਹਿਤ ਲੋਕਧਾਰਾ ਤੇ ਸੰਸਕ੍ਰਿਤੀ ਦੀ ਰੂੜੀ ਉਤੇ ਜੰਮਿਆ ਪਲਿਆ ਹੋਣ ਕਰਕੇ ਸਮਾਜਕ ਤੇ

ਸਾਂਸਕ੍ਰਿਤਕ ਪੱਖ ਤੋਂ ਬੜੀ ਮਹਾਨਤਾ ਰਖਦਾ ਹੈ। ਇਸ ਵਿਚ ਜਾਤੀ ਦੀ ਲੋਕ ਸੰਸਕ੍ਰਿਤੀ ਪੂਰੀ ਤਰ੍ਹਾਂ ਪ੍ਰਤੀਬਿੰਬਤ ਹੁੰਦੀ ਹੈ। 2

ਲੋਕ ਸਾਹਿਤ ਆਦਿਮ ਯੁੱਗ ਤੋਂ ਚੱਲੇ ਆ ਰਹੇ ਮਨੁੱਖੀਜੀਵਨ ਦੀਆਂ ਆਦਿਮ ਪਰੰਪਰਾਵਾਂ ਅਤੇ ਉਹਨਾਂ ਦੇ ਅਵਸ਼ੇਸ਼ਾਂ ਨੂੰ ਆਪਣੇ ਵਿਚ ਸੰਜੋ ਕੇ ਰੱਖਦਾ ਹੈ। ਇਸ ਕਰਕੇ ਇਹ ਯੁੱਗ ਚਿਤਰਨ ਹੈ। ਪੁਰਾਤਤਵ ਦੀ ਖੋਜ ਤੋਂ ਪਹਿਲਾਂ ਇਤਿਹਾਸ ਦੀਆਂ ਕੜੀਆਂ ਜੋੜਨ ਦਾ ਕਾਰਜ ਲੋਕ ਸਾਹਿਤ ਤੋਂ ਲਿਆ ਜਾਂਦਾ ਰਿਹਾ ਹੈ। ਇਹ ਸਮਾਜ ਦੇ ਬਾਹਰੀ ਮੁਹਾਂਦਰੇ ਦੇ ਨਾਲ ਲੋਕ ਮਨ ਦੇ ਅਡਿੱਠ ਮੁਹਾਂਦਰੇ ਦੇ ਵੀ ਦਰਸਨ ਕਰਾਉਂਦਾ ਹੈ। ਇਸ ਭਾਵਧਾਰਾ ਨੂੰ ਸੁਰੱਖਿਅਤ ਰੱਖਣ ਦਾ ਸਿਹਰਾ ਉਸ ਸਧਾਰਨ ਪੇਂਡੂ ਸਮਾਜ ਨੂੰ ਜਾਂਦਾ ਹੈ ਜੋ ਪਿਛਲੇ ਕੁਝ ਸਮੇਂ ਤੋਂ ਉਦਯੋਗੀਕਰਨ ਦੁਆਰਾ ਪ੍ਰਚਾਰੀ ਟੈਕਨਾਲੋਜੀ ਤੋਂ ਦੂਰ ਰਿਹਾ ਹੈ। ਇਸ ਤਰ੍ਹਾਂ ਲੋਕ ਸਾਹਿਤ ਦੇ ਗੜ੍ਹ ਜਾਂ ਕੇਂਦਰ ਭਾਰਤ ਦੇ ਪਿੰਡ ਹਨ। ਇਹ ਜਨ-ਸਧਾਰਨ ਦੇ ਨਿੱਜੀ ਤਜਰਬਿਆਂ ਰਾਹੀਂ ਉਨ੍ਹਾਂ ਦੀ ਨਿੱਜੀ ਵਸਤ ਬਣ ਕੇ ਵਿਕਾਸ ਕਰਦਾ ਆ ਰਿਹਾ ਹੈ। ਇਸ ਤਰ੍ਹਾਂ ਇਸ ਦੀ ਸਿਰਜਣਾ ਸਹਿਜ-ਸੁਭਾਅ ਅਤੇ ਅਚੇਤ ਹੀ ਹੁੰਦੀ ਰਹੀ ਹੈ, ਮਨ ਤੇ ਬੋਝ ਪਾ ਕੇ ਨਹੀਂ। ਲੋਕ ਸਾਹਿਤ ਸਮਾਜ ਦੇ ਜੀਵਨ ਚਰਿੱਤਰ, ਵਿਹਾਰ ਤੇ ਕਲਾ ਦੇ ਮੂਲ ਸੱਚ ਦੀ ਪੇਸ਼ਕਾਰੀ ਹੁੰਦੀ ਹੈ । ਲੋਕ ਮਾਨਸ ਦਾ ਸਹਿਜ-ਸੁਭਾਅ ਪ੍ਰਗਟਾਵਾ ਕਰਨ ਵਾਲਾ ਇਹ ਲੋਕ ਜੀਵਨ ਦਾ ਸਜੀਵ ਤੇ ਪ੍ਰਾਚੀਨਤਮ ਮਾਧਿਅਮ ਹੈ । ਇਸ ਦਾ ਆਧਾਰ ਲੋਕਾਂ ਦੀ ਜੀਵਨ-ਜਾਚ ਤੇ ਵਿਹਾਰ ਤੇ ਨਿਰਭਰ ਉਨ੍ਹਾਂ ਦੀ ਮਾਨਸਿਕ ਸਥਿਤੀ ਹੁੰਦੀ ਹੈ। ਇਸ ਨੂੰ ਜਨਮ ਦੇਣ ਵਾਲਾ ਲੋਕ ਮਨ ਹੁੰਦਾ ਹੈ ਜੋ ਆਪਣੇ ਇਤਿਹਾਸਕ ਤੇ ਤਰੱਕ ਕਟਿਹਰੇ ਦੇ ਵਿਚ ਵਿਕਸਿਤ ਹੁੰਦਾ ਰਹਿੰਦਾ ਹੈ। ਆਦਿ ਮਨੁੱਖਸਿਰਫ ਰੋਟੀ, ਕੱਪੜਾ ਤੇ ਮਕਾਨ ਵਰਗੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਦੇ ਯਤਨ ਕਰਦਾ ਸੀ ਪਰ ਹੌਲੀ ਹੌਲੀ ਉਸ ਦੀਆ ਲੋੜਾਂ ਦੀ ਗਿਣਤੀ ਵਧਦੀ ਗਈ। ਆਧੁਨਿਕ ਸੁਵਿਧਾਵਾਂ ਅਤੇ ਉਦਯੋਗੀਕਰਨ ਦੇ ਪ੍ਰਭਾਵ ਸਦਕਾ ਪਦਾਰਥਕ ਜੀਵਨ ਅਤੇ ਜੀਵਨ ਸਥਿਤੀਆਂ ਵਿਚ ਵੀ ਤਬਦੀਲੀ ਆਉਂਦੀਰਹਿੰਦੀ ਹੈ। ਡਾ. ਭੁਪਿੰਦਰ ਸਿੰਘ ਖਹਿਰਾ ਅਨੁਸਾਰ,

> ਅਸਲ ਜੀਵਨ ਵਿਚ ਸਾਰੀ ਸਮਾਜਿਕ ਸਥਿਤੀ ਤੇ ਸਭਿਆਚਾਰਕ ਤਬਦੀਲੀ ਪਦਾਰਥਕ ਜੀਵਨ ਤੋਂ ਸ਼ੁਰੂ ਹੁੰਦੀ ਹੈ।"3

ਇਹੀ ਪਰਿਵਰਤਨਸ਼ੀਲਤਾ ਲੋਕ ਸਾਹਿਤ ਦਾ ਪਹਿਲਾ ਲੋੜੀਂ ਦਾਤੱਤ ਸਾਬਤ ਹੁੰਦੀ ਹੈ। ਇਹ ਪਰਿਵਰਤਨ ਸਮੇਂ ਸਥਾਨ ਦੇ ਪ੍ਰਸੰਗ ਵਿਚ ਹਾਲਾਤ ਬਦਲਣ ਕਰਕੇ ਸਹਿਜ-ਸੁਭਾਅ ਹੁੰਦਾ ਹੈ। ਲੋਕ ਸਾਹਿਤ ਦੀ ਰਚਨਾ ਕਰਦਿਆਂ ਹੋਇਆਂ ਜਦੋਂ ਕੋਈ ਵਿਅਕਤੀਗਤ ਅਨੁਭੂਤੀ ਨਾ ਉਭਰ ਕੇ ਉਸ ਵਿਚੋਂ ਲੋਕ ਅਨੁਭੂਤੀ ਦੀ ਪ੍ਰਧਾਨਤਾ ਤੇ ਪ੍ਰਬਲਤਾ ਰਹੇ ਤੇ ਉਸੇ ਤਰ੍ਹਾਂ ਦੀ ਅਨੁਭੂਤੀ ਸਾਕਾਰ ਹੋਵੇ ਤਾਂ ਉਹ ਲੋਕਮਨ ਦੀ ਅਨੁਭੂਤੀ ਮੰਨੀ ਜਾਣੀ ਚਾਹੀਦੀ ਹੈ, ਇਸ ਲਈ ਲੋਕ ਨੂੰ ਲੋਕ ਸਾਹਿਤ ਦਾ ਸਿਰਜਕ ਤੱਤ ਸਵੀਕਾਰਿਆ ਗਿਆ ਹੈ। ਲੋਕ ਸਾਹਿਤ ਭੂਤ, ਵਰਤਮਾਨ ਤੇ ਭਵਿੱਖ ਨੂੰ ਜੋੜਦਾ ਹੈ। ਇਹ ਅਤੀਤ ਬਾਰੇ ਗਿਆਨ ਅਤੇ ਭਵਿੱਖ ਬਾਰੇ ਸੰਕੇਤ ਦੇਣ ਦੇ ਨਾਲ ਨਾਲ ਵਰਤਮਾਨ ਦੀ ਪੇਸ਼ਕਾਰੀ ਹੁੰਦਾ ਹੈ। ਇਹ ਪਰੰਪਰਾ ਦੇ ਰੂਪ ਵਿਚ ਗਤੀਸ਼ੀਲ ਧਾਰਾ ਵਾਂਗ ਵਗਦਾ ਰਹਿੰਦਾ ਹੈ। ਪਰੰਪਰਕ ਹੋਣ ਕਰਕੇ ਮਨੁੱਖੀਭਾਵਾਂ ਦੇ ਨਾਲ ਵਿਸ਼ਵਾਸ, ਮੰਨੋਤਾ, ਵਹਿਮਾਂ-ਭਰਮਾਂ ਨਾਲ ਸੰਬੰਧਤ ਭਾਵਾਂ ਦਾ ਸੰਚਾਰ ਕਰਦਾ ਹੈ । ਇਹ ਸੰਚਾਰ ਸਿੱਧੇ ਰੂਪ ਵਿਚ ਨਹੀਂ ਹੁੰਦਾ ਸਗੋਂ ਇਸ ਕਲਾ ਰੂਪ ਦੀ ਸਿਰਜਣਾ ਵਿਚ ਉਚਤਮ ਕਲਾਤਮਕ ਵਿਧੀਆਂ ਦੀ ਸਹਿਜ ਵਿਉਂਤ ਹੁੰਦੀ ਹੈ। ਇਸ ਤਰ੍ਹਾਂ ਲੋਕ ਸਾਹਿਤ, ਲੋਕ ਸਮੂਹ ਨੂੰ ਸੁਹਜ-ਆਨੰਦ ਪ੍ਰਦਾਨ ਕਰਕੇ ਮਨੋਰੰਜਨ ਦਾ ਸਾਧਨ ਬਣ ਜਾਂਦਾ ਹੈ। ਲੋਕ ਸਾਹਿਤ ਦੇ ਸੰਚਾਰ ਦੇ ਪ੍ਰਯੋਜਨ ਦਾ ਮਾਧਿਅਮ ਖਾਸ ਦਾਇਰੇ ਦੇ ਲੋਕਾਂ ਦੀ ਆਪਣੀ ਭਾਸ਼ਾ ਜਾਂ ਉਪ-ਭਾਸ਼ਾ ਹੁੰਦੀ ਹੈ। ਇਹ ਸਥਾਨਕ ਲਹਿਜਾ ਹੀ ਲੋਕ ਸਾਹਿਤ ਨੂੰ ਜਿਉਂਦਾ ਰੱਖਦਾ ਹੈ।

ਲੋਕਾਂ ਲਈ ਲੋਕਾਂ ਵਲੋਂ ਰਚੇ ਇਸ ਸਾਹਿਤ ਦੀ ਭਾਸ਼ਾ ਲੋਕ ਜੀਵਨ ਦੇ ਨੇੜੇ ਹੋਣ ਕਰਕੇ ਸਰਲ, ਠੇਠ ਬੇਬਾਕੀ ਅਤੇ ਕਿਤੇ-ਕਿਤੇ ਖਰਵਾਪਣ, ਸਪਸ਼ਟ ਤੋਂ ਮੁਹਾਵਰੇਦਾਰ ਹੁੰਦੀ ਹੈ। ਇਸ ਵਿਚਲੀ ਮਿਠਾਸ ਜਾਂ ਕੁੜੱਤਣ ਹੀ ਲੋਕ ਜੀਵਨ ਦਾ ਸੱਚ ਹੈ। ਸਾਹਿਤ ਰਚਨਾ ਇਕ ਕਲਾ ਹੈ। ਇਸ ਵਿਚ ਸਹਿਜ ਸੁਭਾਅ ਭਾਸ਼ਾ ਦਾ ਕਲਾਤਮਕ ਪ੍ਰਯੋਗ ਹੋਣ ਕਰਕੇ ਤੁਕਾਂਤਕ ਜੁਗਤਾਂ, ਸੁਰ-ਪ੍ਰਬੰਧ, ਸ਼ਬਦਾਂ ਦੀ ਜੜ੍ਹਤ, ਵਾਕ ਵਿਉਂ ਤ ਭਾਸ਼ਾ ਦੀ ਵੰਨ-ਸੁਵੰਨਤਾ, ਸੰਗੀਤਾਤਮਕਤਾ ਆਦਿ ਜੁਗਤਾਂ ਸਮਾਈਆਂ ਹੁੰਦੀਆਂ ਹਨ। ਸ਼ੈਲੀ ਅਲੰਕਾਰ ਰਹਿਤ, ਸਰਲ ਤੇ ਸਾਦੀ ਹੁੰਦੀ ਹੈ। ਮੌਖਿਕ ਸਾਹਿਤ ਹੋਣ ਕਰਕੇ ਇਸ ਦਾ ਸੰਬੰਧ ਬੋਲਾਂ ਨਾਲ ਹੁੰਦਾ ਹੈ ਤੇ ਇਹ ਬੋਲ ਸਾਧਾਰਨ ਲੋਕਾਂ ਦੇ ਹੁੰਦੇ ਹਨ। ਇਸ ਕਰਕੇ ਇਹ ਮੌਖਿਕ ਪਰੰਪਰਾ ਰਾਹੀਂ ਵਿਕਾਸਸ਼ੀਲ ਪ੍ਰਕਿਰਿਆ ਵਿਚ ਪਿਆ ਰਹਿੰਦਾ ਹੈ। ਉਪਭਾਸ਼ਾਈ ਵਿਸ਼ੇਸਤਾ ਕਰਕੇ ਲੋਕ ਸਾਹਿਤ ਦੇ ਪਾਠ ਵਿਚ ਪਾਠ ਵਿਭਿੰਨਤਾ ਆਮ ਪਾਈ ਜਾਂਦੀ ਹੈ। ਮੌਖਿਕ ਸੰਚਾਰਨ ਹੋਣ ਕਰਕੇ ਹਰ ਪੇਸ਼ਕਾਰ ਮੌਕੇ ਤੇ ਲੋੜ ਮੁਤਾਬਕ ਇਸ ਵਿਚ ਤਬਦੀਲੀ ਕਰਦਾ ਰਹਿੰਦਾ ਹੈ । ਇਸ ਤਰ੍ਹਾਂ ਪੁਨਰ ਸਿਰਜਣਾ ਹੁੰਦੀ ਰਹਿਣ ਕਰਕੇ ਇਸ ਦੇ ਕਈ ਪਾਠਾਂਤਰ ਸਿਰਜੇ ਤੇ ਪ੍ਰਵਾਨੇ ਜਾਂਦੇ ਹਨ। ਇਸ ਦਾ ਪ੍ਰਮਾਣਿਕ ਪਾਠ, ਇਸ ਦੇ ਸਭਿਆਚਾਰਕ ਪ੍ਰਸੰਗ, ਪੇਸ਼ਕਾਰੀ ਵਿਧੀ ਤੇ ਭਾਸ਼ਾਈ ਸੰਰਚਨਾ ਵਿਚ ਸਮਾਇਆ ਹੁੰਦਾ ਹੈ। ਲੋਕ ਸਾਹਿਤ ਦੇ ਰੂਪਾਂ ਦੀ ਪੇਸਕਾਰੀ ਦਾ ਨਿਸ਼ਚਿਤ ਵਿਧਾਨ ਹੁੰਦਾ ਹੈ ਪਰ ਪੇਸਕਾਰੀ ਦੀ ਵਿਧੀ ਇਕ ਨਹੀਂ ਹੁੰਦੀ। ਕਈ ਲੋਕਗੀਤ ਰੂਪਾਂ ਦੀ ਪੇਸ਼ਕਾਰੀ ਵਿਧੀ ਵਿਚ ਰੀਤੀ-ਰਿਵਾਜ ਪ੍ਰਧਾਨ ਹੁੰਦੇ ਹਨ ਤੇ ਕਈ ਰੁਪਾਂ ਵਿਚ ਰਿਸ਼ਤਾ ਨਾਤਾ ਪ੍ਰਨਾਲੀ । ਕਈ ਵਾਰੀ ਪੇਸਕਾਰੀ ਦੇ ਸਮੇਂ ਪੇਸ਼ਕਾਰ ਅਤੇ ਦਰਸ਼ਕ ਇਕ ਹੋ ਜਾਂਦੇ ਹਨ। ਇਸ ਵਿਚ ਪ੍ਰਤੱਖ ਸੰਬੋਧਨੀ ਲਹਿਜਾ ਭਾਰੂ ਹੁੰਦਾ ਹੈ। ਡਾ ਸਤੇਂਦਰ ਅਨੁਸਾਰ,

> "ਲੋਕ ਸਾਹਿਤ ਦੇ ਅੰਤਰਗਤ ਉਹ ਸਾਰਾ ਭਾਸ਼ਾਗਤ ਪ੍ਰਗਟਾਵਾ ਆਉਂ ਦਾਹੈ ਜਿਸ ਵਿਚ (ੳ) ਆਦਿ ਮਾਨਵ ਦੇ ਅਵਸ਼ੇਸ਼ ਮੌਜੂਦ ਹੋਣ (ਅ) ਪਰੰਪਰਾਗਤ ਮੌਖਿਕ ਕ੍ਰਮ ਤੋਂ ਪ੍ਰਾਪਤ ਭਾਸ਼ਾਗਤ ਪ੍ਰਗਟਾਵਾ ਹੋਵੇ, ਜਿਸ ਨੂੰ ਕਿਸੇ ਦੀ ਕ੍ਰਿਤ ਨਾ ਕਿਹਾ ਜਾ ਸਕੇ ਅਤੇ ਜੋ ਲੋਕ ਮਾਨਸ ਦੀ ਪ੍ਰਵਿਰਤੀ ਵਿਚ ਸਮਾਈ ਹੋਵੇ (ੲ) ਰਚਨਾਗਤ ਹੋਵੇ ਪਰੰਤੂ ਲੋਕ ਮਾਨਸ ਦੇ ਆਮ ਤੱਤਾਂ ਨਾਲ ਭਰਪੂਰ ਹੋਵੇ, ਉਸ ਨੂੰ ਵਿਅਕਤੀਤਵ ਦੇ ਨਾਲ ਸੰਬੰਧਤ ਕਰਦੇ ਹੋਏ ਵੀ ਲੋਕ ਉਸ ਨੂੰ ਆਪਣੇ ਹੀ ਵਿਅਕਤੀਤਵ ਦੀ ਕ੍ਰਿਤ ਸਵੀਕਾਰ ਕਰਨ।" 4

ਲੋਕ ਸਾਹਿਤ ਦੀ ਸਿਰਜਣਾ ਦੇ ਪ੍ਰੇਰਕ ਖੁਸ਼ੀ-ਗਮੀ, ਆਸਾ-ਨਿਰਾਸ਼ਾ, ਸੁੱਖ-ਦੁੱਖ, ਇੱਛਾਵਾਂ, ਪ੍ਰਾਪਤੀਆਂ, ਅਪ੍ਰਾਪਤੀਆਂ, ਸਮੱਸਿਆਵਾਂ, ਧਾਰਮਿਕ ਅਨੁਸ਼ਠਾਨ (ਵਰਤ, ਪੂਜਾ), ਪਿਆਰ, ਸ਼ਰਧਾ, ਨਫਰਤ, ਭਗਤੀ, ਭਾਵਨਾ, ਮਨੋਰੰਜਨ ਤੇ ਸੁੰਦਰਤਾ ਹਨ । ਅਸਲ ਵਿਚ ਸਮੁੱਚੇ ਜੀਵਨ ਦੇ ਵਿਭਿੰਨ ਪੱਖਾਂ ਤੋਂ ਇਸ ਨੂੰ ਪ੍ਰੇਰਨਾ ਮਿਲਦੀ ਹੈ। ਇਹ ਮਨੁੱਖਦੇ ਲੋਰ ਵਿਚ ਆਉਣ ਤੇ ਉਸ ਦੇ ਹਿਰਦੇ ਵਿਚੋਂ ਫੁੱਟਦਾ ਹੈ। ਇਸ ਦੀ ਰਚਨਾ ਵਿਸ਼ੇਸ਼ ਪ੍ਰਤਿਭਾ ਵਾਲੇ ਵਿਅਕਤੀ ਰਾਹੀਂ ਹੁੰਦੀ ਹੈ। ਜੇ ਉਸ ਦੀ ਰਚਨਾ ਵਿਚ ਪਰੰਪਰਾ ਦੇ ਅੰਸ ਅਤੇ ਲੋਕ ਤੱਤ ਮੌਜੂਦ ਹੋਣ ਅਤੇ ਉਹ ਲੋਕ ਸਮੂਹ ਵਲੋਂ ਪ੍ਰਵਾਨ ਹੋ ਜਾਵੇ ਤਾਂ ਉਹ ਉਸ ਵਿਅਕਤੀ ਦੀ ਰਚਨਾ ਨਾ ਰਹਿ ਕੇ ਲੋਕ ਸਾਹਿਤ ਦਾ ਅੰਗ ਬਣ ਜਾਂਦੀ ਹੈ। ਲੋਕ ਮਨ ਉਸ ਵਿਚ ਤਬਦੀਲੀ ਜਾਂ ਕਾਂਟ-ਛਾਂਟ ਕਰਕੇ ਪੁਨਰ-ਸਿਰਜਨਾ ਦੇ ਰਾਹ ਪਾਈ ਰੱਖਦਾ ਹੈ। ਇਸ ਤਰ੍ਹਾਂ ਇਹ ਸਮੂਹ ਦੁਆਰਾ ਚਾਲਕ ਤੇ ਪ੍ਰਵਾਨਿਤ ਹੁੰਦੀ ਹੈ। ਲੋਕ ਸਾਹਿਤ ਇਕੋ ਸਮੇਂ ਅਜਰ ਹੋਣ ਕਰਕੇ ਸਿਨਕਾਨਿਕ (Synchronic) ਤੇ ਪਰੰਪਰਾ ਨਾਲ ਸੰਬੰਧਤ ਹੋਣ ਕਰਕੇ ਅਮਰ ਭਾਵ ਡਾਇਨਿਕ (Diachronic ਹੋ ਨਿਬੜਦਾ ਹੈ। ਇਸ ਵਿਚ ਲੋਕ ਸੰਸਕ੍ਰਿਤੀ ਦਾ ਪਾਸਾਰ ਹੁੰਦਾ ਹੈ। ਲੋਕ ਸਾਹਿਤ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਦਾ ਵਿਸ਼ਾ-ਵਸਤੂ ਜੀਵਨ ਤੋਂ ਪਹਿਲਾਂ, ਜੀਵਨ ਸਮਾਂ ਅਤੇ ਜੀਵਨ ਤੋਂ ਬਾਦ ਭਾਵ ਮੌਤ ਤੋਂ ਬਾਦ ਦੇ ਮਨੁੱਖੀਸਰੋਕਾਰਾਂ ਸਮੇਤ ਪੂਰੀ ਪ੍ਰਕਿਰਤੀ ਨਾਲ ਸੰਬੰਧਤ ਹੁੰਦਾ ਹੈ। ਮਨੁੱਖੀਜੀਵਨ ਦੇ ਪਹਿਲੇ ਪੜਾਅ ਅਰਥਾਤ ਜਨਮ ਸਮੇਂ ਹੀ ਬੱਚੇ ਦੀ ਸਾਂਝ ਲੋਰੀ ਨਾਲ ਪੈਣੀ ਸੁਰੂ ਹੋ ਜਾਂਦੀ ਹੈ । ਕੁਝ ਹੋਰ ਵੱਡਾ ਹੋਣ ਤੇ ਇਸ ਸੰਬੋਧਨੀ ਕਾਵਿ ਰੂਪ ਦੇ ਅਰਥ ਬਹੁ-ਦਿਸ਼ਾਵੀ ਹੁੰਦੇ ਜਾਂਦੇ ਹਨ। ਇਸ ਤੋਂ ਬਾਦ ਬਾਤਾਂ

ਦੰਦ ਕਥਾ, ਪਰੀ ਕਥਾ, ਨੀਤੀ ਕਥਾ), ਬੁਝਾਰਤਾਂ, ਖੇਡ ਗੀਤ, ਥਾਲ, ਕਿੱਕਲੀ ਅਤੇ ਹੋਰ ਖੇਡ-ਗੀਤਾਂ ਦੇ ਮਾਧਿਅਮ ਰਾਹੀਂ ਉਹ ਆਪਣੀ ਸੋਝੀ ਨੂੰ ਹੋਰ ਵਿਸ਼ਾਲ ਕਰਦਾ ਹੈ। ਜਵਾਨੀ ਵਿਚ ਭਗਤਾਂ, ਪੀਰਾਂ, ਫਕੀਰਾਂ, ਬਹਾਦਰ ਯੋਧਿਆਂ ਦੇ ਅਚੰਭਾਜਨਕ ਕਾਰਨਾਮਿਆਂ ਦੀਆਂ ਗਾਥਾਵਾਂ ਉਸ ਨੂੰ ਸੁਚੱਜੀ ਜੀਵਨ ਜਾਂਚ ਸਿਖਾਉਂ ਦੀਆਂਹੋਈਆਂ, ਸਮਾਜ ਨਾਲ ਸੰਤੁਲਨ ਪੈਦਾ ਕਰਨਾ ਸਿਖਾਉਂ ਦੀਆਂਹਨ। ਵਿਆਹ ਦੀਆਂ ਰੀਤਾਂ ਨਿਭਾਉਂ ਦੇ ਸਮੇਂ ਗਾਏ ਜਾਂਦੇ ਲੋਕਗੀਤ, ਮੌਤ ਉਪਰੰਤ ਪਾਏ ਜਾਂਦੇ ਕੀਰਨੇ, ਮੁਹਾਵਰੇ, ਅਖਾਣ ਆਦਿ ਸਭ ਲੋਕ ਸਾਹਿਤ ਦੇ ਖੇਤਰ ਅਧੀਨ ਆਉਂ ਦੇਹਨ। ਲੋਕ ਸਾਹਿਤ ਦੀ ਪ੍ਰਕਿਰਤੀ ਅਤੇ ਖੇਤਰ ਬਾਰੇ ਜਾਣਨ ਤੋਂ ਬਾਦ ਇਸ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ ਕਿ ਲੋਕ ਸਾਹਿਤ ਦਾ ਰਚਨਾਕਾਰ, ਇਕ ਹੋਣ ਦੇ ਬਾਵਜੂਦ ਜਨ ਸਮੂਹ ਦੁਆਰਾਪ੍ਰਵਾਨਿਤ ਤੇ ਰਚਨਾ ਨੂੰ ਮਾਂਜੇ ਸਵਾਰੇ ਜਾਣ ਕਰਕੇ ਅਲੋਪ ਹੋ ਜਾਂਦਾ ਹੈ। ਇਹ ਉਹ ਮੌਖਿਕ ਰਚਨਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਅੱਗੇ ਚੱਲਦੀ ਰਹਿੰਦੀ ਹੈ। ਭਾਸ਼ਾ, ਉਪ-ਭਾਸ਼ਾਈ ਗੁਣਾਂ ਵਾਲੀ, ਠੇਠ, ਮੁਹਾਵਰੇਦਾਰ ਤੇ ਸਧਾਰਨ ਲੋਕਾਂ ਦੀ ਹੁੰਦੀ ਹੈ। ਇਸ ਵਿਚੋਂ ਵਿਰਾਸਤ ਜਾਂ ਪਰੰਪਰਾ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਡਾ.ਹਜਾਰੀ ਪ੍ਰਸਾਦ ਦਿਵੇਦੀ ਅਨੁਸਾਰ,

> ਮੌਖਿਕ ਪਰੰਪਰਾ ਤੋਂ ਪ੍ਰਾਪਤ ਅਤੇ ਦੀਰਘ ਕਾਲ ਤਕ ਸਿਮਰਤੀ ਦੇ ਬਲ ਤੇ ਚੱਲੇ ਆਉਣ ਵਾਲੇ ਗੀਤ ਅਤੇ ਕਥਾਨਕ ਹੀ ਲੋਕ ਸਾਹਿਤ ਕਹੇ ਜਾਂਦੇ ਹਨ।5

ਡਾ. ਕ੍ਰਿਸ਼ਨ ਦੇਵ ਉਪਾਧਿਆਇ ਅਨੁਸਾਰ,

> 'ਸਭਿਅਤਾ ਦੇ ਪ੍ਰਭਾਵ ਤੋਂ ਦੂਰ ਰਹਿਣ ਵਾਲੀ ਆਪਣੀ ਸਹਿਜ ਅਵਸਥਾ ਵਿਚ ਵਰਤਮਾਨ ਜੋ ਅੱਖਰ ਰਹਿਤ ਜਨਤਾ ਹੈ, ਉਸ ਦੀਆਂ ਆਸ਼ਾਵਾ-ਨਿਰਾਸਾਵਾਂ, ਖੁਸ਼ੀ- ਗਮੀ, ਜੀਵਨ-ਮਰਨ, ਲਾਭ-ਹਾਨੀ, ਸੁੱਖ-ਦੁੱਖ ਦਾ ਪ੍ਰਗਟਾਵਾ ਜਿਸ ਸਾਹਿਤ ਵਿਚੋਂ ਹੁੰਦਾ ਹੈ, ਉਸ ਨੂੰ ਲੋਕ ਸਾਹਿਤ ਕਹਿੰਦੇ ਹਨ। 6

ਪ੍ਰੋ.ਸੀਤਾ ਰਾਮ ਬਾਹਰੀ ਅਨੁਸਾਰ,

> 'ਲੋਕ ਸਾਹਿਤ ਕੋਈ ਦੂਰ ਭੂਤ ਕਾਲ ਦੀ ਚੀਜ਼ ਨਹੀਂ ਸਗੋਂ ਇਹ ਤਾਂ ਸਾਰੇ ਨਿੱਤ ਜੀਵਨ ਦਾ ਅੰਗ ਹੈ।7

ਡਾ. ਬਲਬੀਰ ਸਿੰਘ ਪੂਨੀ ਅਨੁਸਾਰ,

> 'ਲੋਕ ਸਾਹਿਤ ਸਮੂਹਿਕ ਕਲਾਤਮਕ ਭਾਸ਼ਾਈ ਪ੍ਰਗਟਾ ਦਾ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਲੋਕ ਆਪਣੇ ਭੂਗੋਲਿਕ ਤੇ ਪ੍ਰਾਕਿਰਤਕ ਆਲੇ ਦੁਆਲੇ ਦੇ ਅਨੁਸਾਰ ਇਤਿਹਾਸਕ ਸਾਰ ਵਿਚ ਪ੍ਰਾਪਤ ਅਨੁਭਵ ਤੇ ਅਮਲ ਨੂੰ ਲੋੜਾਂ, ਅਕਾਂਖਿਆਵਾਂ ਅਤੇ ਹੁੰਗਾਰਿਆਂ ਦੇ ਰੂਪ ਵਿਚ ਮੌਖਿਕ ਸਿਰਜਣਾਤਮਕ ਢੰਗ ਰਾਹੀਂ ਪ੍ਰਸਾਰਿਤ ਕਰਦੇ ਹਨ।8

ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਵੀ ਲੋਕ ਸਾਹਿਤ ਦੇ ਸੰਕਲਪ ਨੂੰ ਸਪਸ਼ਟ ਕਰਨ ਵਿਚ ਸਹਾਇਕ ਸਿੱਧ ਹੁੰਦੀਆਂ ਹਨ। ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਲੋਕ ਸਾਹਿਤ ਪਦਾਰਥਕ ਹਾਲਤਾਂ ਵਿਚੋਂ ਉਪਜੀ ਸਾਂਝੀ ਪ੍ਰਤੀਕਿਰਿਆ ਅਤੇ ਹੁੰਗਾਰੇ ਦਾ ਕਲਾਮਈ ਭਾਸ਼ਾਈ ਪ੍ਰਗਟਾ ਮਾਧਿਅਮ ਹੈ ਜਿਸ ਵਿਚੋਂ ਖਾਸ ਖੇਤਰ ਦੇ ਲੋਕ ਸਮੂਹ ਦੀ ਠੀਕ, ਇਕਾਗਰ, ਸੱਚੀ ਤੇ ਸਮੂਹਿਕ ਇਕਸੁਰ ਮਾਨਸਿਕਤਾ ਪਾਈ ਜਾ ਸਕਦੀ ਹੈ। ਇਸ ਵਿਚ ਉਨ੍ਹਾਂ ਲੋਕਾਂ ਦੀਆਂ ਇੱਛਾਵਾਂ, ਅਚੇਤ ਅਤੇ ਸੁਚੇਤ ਪ੍ਰਵਿਰਤੀਆਂ ਰੂਪਮਾਨ ਹੁੰਦੀਆਂ ਹਨ। ਇਸ ਕਰਕੇ ਲੋਕ ਸਾਹਿਤ ਰਾਹੀਂ ਕਿਸੇ ਵਿਸ਼ੇਸ਼ ਸਭਿਆਚਾਰ ਦੇ ਲੋਕਾਂ ਦੀ ਮਾਨਸਿਕ ਦਸ਼ਾ ਤੇ ਦਿਸ਼ਾ ਨੂੰ ਸਮਝਿਆ ਜਾ ਸਕਦਾ ਹੈ।

ਮਨੁੱਖ ਜਦੋਂ ਆਪਣੀ ਵਿਅਕਤੀਗਤ ਭੂਮਿਕਾ ਨੂੰ ਛੱਡ ਕੇ ਸਮਾਜ ਸਿਰਜਨਾ ਵਿਚ ਸ਼ਾਮਿਲ ਹੋਇਆ ਤਾਂ ਨਿਸ਼ਚਿਤ ਹੀ ਆਪਣੀ

ਸਵੈ-ਪ੍ਰਵਿਰਤੀਆਂ ਅਤੇ ਰੋਜਾਨਾ ਜਿੰਦਗੀ ਦੇ ਆਚਰਣ ਨੂੰ ਸੀਮਾਵਾਂ ਵਿਚ ਨਿਰਧਾਰਿਤ ਕਰਨਾ ਸਵੀਕਾਰ ਕੀਤਾ ਹੋਣਾ, ਪਰ ਅਜਿਹਾ ਉਸਨੇ ਕਿਉਂ ਕੀਤਾ? ਮਨੁੱਖਦੀ ਵਿਅਕਤੀਗਤ ਹੋਂਦ ਨੂੰ ਖਤਮ ਕਰਨ ਅਤੇ ਸਮਾਜ ਸਿਰਜਨਾ ਸਮੇਂ ਵੀ ਮਨੁੱਖਕਲਿਆਣ ਦੀ ਇੱਛਾ ਭਾਰੂ ਰਹੀ ਹੋਵੇਗੀ। ਜਦੋਂ ਅੱਜ ਸਾਡਾ ਸਮਾਜ ਆਪਣੇ ਵਿਕਾਸ ਦੇ ਸਿਖਰ ਤੇ ਪਹੁੰਚ ਗਿਆ ਹੈ ਤਾਂ ਇਹ ਮੰਨ ਲੈਣਾ ਚਾਹੀਦਾ ਹੈ ਕਿ ਸਮੂਹਿਕ ਚੇਤਨਾ ਅਤੇ ਲੋਕ ਭਲਾਈ, ਮਨੁੱਖਦੀ ਇੱਛਾ ਹੋਰ ਪ੍ਰਬਲ ਹੋ ਗਈ ਹੈ। ਲੋਕ ਭਾਵਨਾ ਦੇ ਉਦਗਮ ਤੇ ਵਿਚਾਰ ਕਰੀਏ ਤਾਂ ਵੱਖ-ਵੱਖ ਸੰਦਰਭ ਗ੍ਰੰਥਾਂ ਵਿਚ ਲੋਕ ਸ਼ਬਦ ਬਾਰੇ ਜਾਣਕਾਰੀ ਮਿਲਦੀ ਹੈ। ਮਨੁੱਖੀਚੇਤਨਾ ਦੇ ਮੁੱਢਲੇ ਪੜਾਅ ਤੋਂ ਹੀ ਕੋਮਲ ਕਲਾਵਾਂ ਦੇ ਅਨੇਕ ਰੂਪ ਪ੍ਰਚਲਿਤ ਰਹੇ ਹਨ। ਆਦਿ ਮਨੁੱਖਪ੍ਰਕਿਰਤੀ ਦੇ ਮਾਰੂ ਪ੍ਰਭਾਵ ਤੋਂ ਬਚਣ ਲਈ ਟੂਣੇ-ਟੋਟਕੇ, ਜੰਤਰ-ਮੰਤਰ, ਧਾਗੇ-ਤਵੀਤ ਆਦਿ ਦਾ ਪ੍ਰਯੋਗ ਕਰਦਾ ਸੀ ਤਾਂ ਇਹ ਲੋਕ ਸਾਹਿਤ ਦੀ ਵੰਨਗੀ ਹੁੰਦੀ ਸੀ, ਜਦੋਂ ਉਹ ਪ੍ਰਕਿਰਤੀ ਦੇ ਉਸਾਰੂ ਪ੍ਰਭਾਵ ਨੂੰ ਪ੍ਰਸ਼ੰਨ ਕਰਨ ਹਿੱਤ ਭੇਂਟਾ, ਸ਼ਬਦ, ਕੀਰਤਨ, ਆਰਤੀ ਜਾਂ ਅਰਦਾਸ ਵਰਗੀ ਕੋਈ ਚੀਜ਼ ਪ੍ਰਯੋਗ ਕਰਦਾ ਹੋਵੇਗਾ, ਤਦ ਵੀ ਉਹ ਲੋਕ ਸਾਹਿਤ ਦੀ ਸਿਰਜਨਾ ਕਰ ਰਿਹਾ ਹੁੰਦਾ ਸੀ। ਪਰੰਤੂ ਇਨ੍ਹਾਂ ਕਲਾਂ ਰੂਪਾਂ ਵਿਚੋਂ ਸੰਗੀਤ ਕਲਾ, ਨ੍ਰਿਤ ਕਲਾ, ਚਿੱਤਰ ਕਲਾ, ਮੂਰਤੀ ਕਲਾ ਤੇ ਕਾਵਿ-ਕਲਾ ਰੂਪਾਂ ਦੀ ਜ਼ਿਆਦਾ ਮਹੱਤਤਾ ਬਣੀ ਰਹੀ। ਕਲਾ ਦੇ ਇਹ ਰੂਪ ਕਦੇ ਸਥਿਰ ਨਹੀਂ ਰਹੇ ਸਗੋਂ ਵੱਖ-ਵੱਖ ਪੜਾਵਾਂ ਵਿਚ ਆਈਆਂ ਇਤਿਹਾਸਕ, ਪਦਾਰਥਕ, ਤਬਦੀਲੀਆਂ ਦੇ ਪ੍ਰਭਾਵ ਹੇਠ ਇਹ ਕਲਾ ਰੂਪ ਵੀ ਆਪਣਾ ਮੁਹਾਦਰਾ ਬਦਲਦੇ ਰਹੇ ਹਨ।

## ਟਿਪਣੀ ਤੇ ਹਵਾਲੇ


1. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਪੇਜ ਨੂੰ.
2. ਮਾਲਵੇ ਦਾ ਲੋਕ ਸਾਹਿਤ,ਮਹਿੰਦਰ ਸਿੰਘ ਬਿਰਦੀ,ਪੇਜ ਨੂੰ.-47
3. ਲੋਕ ਸੰਸਕ੍ਰਿਤੀ ਦੀ ਰੂਪ ਰੇਖਾ, ਕ੍ਰਿਸ਼ਨ ਦੇਵ ਉਪਾਧਿਆਏ ਪੇਜ ਨੂੰ - 10
4. ਹਿੰਦੀ ਭਗਤੀ ਸਾਹਿਤਯ ਮੈਂ ਲੋਕ ਤੱਤਵ, ਕ੍ਰਿਸ਼ਨ ਦੇਵ ਉਪਾਧਿਆਏ ਪੇਜ ਨੂੰ -3
5. ਵਿਆਹ ਦੇ ਲੋਕਗੀਤ ਵਿਭਿੰਨ ਪਰਿਪੇਖ, ਰਾਜਵੰਤ ਕੌਰ ਪੰਜਾਬੀ ਡਾ. ਪੇਜ ਨੂੰ 27
6. ਵਿਆਹ ਦੇ ਲੋਕਗੀਤ ਵਿਭਿੰਨ ਪਰਿਪੇਖ, ਰਾਜਵੰਤ ਕੌਰ ਪੰਜਾਬੀ ਡਾ. ਪੇਜ ਨੂੰ 27
7. ਲੋਕਯਾਨ ਅਧਿਐਨ, ਕਰਨੈਲ ਸਿੰਘ ਥਿੰਦ ਡਾ. ਪੇਜ ਨੂੰ. 3
8. ਬੇਦੀ ਸੋਹਿੰਦਰ ਸਿੰਘ ਵਣਜਾਰਾ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਭਾਗ-3 ਪੰਨਾ ਨੰ. 227


International Research Journal of Humanities and Interdisciplinary Studies IRJHIS